# ਰਸਾਇਣ ਅਤੇ ਸਾਡਾ ਵਾਤਾਵਰਨ

## ਰਸਾਇਣ ਕੀ ਹੁੰਦੇ ਹਨ?

ਰਸਾਇਣ ਉਹ ਬੁਨਿਆਦੀ ਬਿਲਡਿੰਗ ਬਲਾਕਸ ਹੁੰਦੇ ਹਨ ਜੋ ਧਰਤੀ 'ਤੇ ਸਾਰੀਆਂ ਜੀਵਤ ਅਤੇ ਨਿਰ-ਜੀਵ ਵਸਤਾਂ ਨੂੰ ਬਣਾਉਂਦੇ ਹਨ। ਕਈ ਰਸਾਇਣ ਵਾਤਾਵਰਨ ਵਿੱਚ ਕੁਦਰਤੀ ਤੌਰ 'ਤੇ ਹੁੰਦੇ ਹਨ, ਅਤੇ ਸਾਡੇ ਹਵਾ, ਪਾਣੀ, ਖ਼ੁਰਾਕ ਅਤੇ ਘਰਾਂ ਵਿੱਚ ਮਿਲ ਸਕਦੇ ਹਨ। ਕੁਝ ਰਸਾਇਣ ਬਣਾਉਟੀ ਹੁੰਦੇ ਹਨ ਅਤੇ ਉਨ੍ਹਾਂ ਦਾ ਇਸਤੇਮਾਲ ਦਵਾਈਆਂ ਤੋਂ ਲੈ ਕੇ ਕੰਪੀਊਟਰਾਂ ਤਕ ਅਤੇ ਕਪੜਿਆਂ ਅਤੇ ਬਾਲਣਾਂ ਲਈ ਰੋਜ਼ਾਨਾ ਦੇ ਉਤਪਾਦਾਂ ਵਿੱਚ ਕੀਤਾ ਜਾਂਦਾ ਹੈ। ਦੂਜੇ ਰਸਾਇਣ ਸੋਚ-ਵਿਚਾਰ ਕੇ ਨਹੀਂ ਬਣਾਏ ਜਾਂਦੇ ਬਲਕਿ ਉਹ ਰਸਾਇਣਿਕ ਪ੍ਰਕਿਰਿਆਵਾਂ ਦੀ ਗੌਣ ਉਪਜ ਹੁੰਦੇ ਹਨ।

ਕਈ ਰਸਾਇਣਾਂ ਦਾ ਇਸਤੇਮਾਲ ਸਾਡੀ ਜ਼ਿੰਦਗੀ ਦੇ ਸਤਰ ਵਿੱਚ ਸੁਧਾਰ ਕਰਨ ਲਈ ਕੀਤਾ ਜਾਂਦਾ ਹੈ ਅਤੇ ਜ਼ਿਆਦਾਤਰ ਵਾਤਾਵਰਨ ਜਾਂ ਮਨੁੱਖੀ ਸਿਹਤ ਲਈ ਨੁਕਸਾਨਦੇਹ ਨਹੀਂ ਹੁੰਦੇ। ਐਪਰ, ਕੁਝ ਰਸਾਇਣ ਕੁਝ ਹੱਦ ਤਕ ਨੁਕਸਾਨ ਪਹੁੰਚਾਉਣ ਦੀ ਸਮਰਥਾ ਰੱਖਦੇ ਹਨ, ਅਤੇ ਸਿਰਫ ਉਸ ਵੇਲੇ ਹੀ ਇਸਤੇਮਾਲ ਕਰਨੇ ਚਾਹੀਦੇ ਹਨ ਜਦੋਂ ਉਨ੍ਹਾਂ ਦੇ ਜੋਖਮਾਂ ਦਾ ਢੁਕਵੇਂ ਢੰਗ ਨਾਲ ਪ੍ਰਬੰਧਨ ਕਰ ਲਿਆ ਜਾਵੇ।

## ਰਸਾਇਣ ਵਾਤਾਵਰਨ 'ਤੇ ਕਿਵੇਂ ਪ੍ਰਭਾਵ ਪਾਉਂਦੇ ਹਨ?

ਰਸਾਇਣਾਂ ਦਾ ਜਦੋਂ ਉਤਪਾਦਨ, ਇਸਤੇਮਾਲ, ਜਾਂ ਉਹਨਾਂ ਨੂੰ ਨਸ਼ਟ ਕੀਤਾ ਜਾਂਦਾ ਹੈ ਤਾਂ ਉਹ ਹਵਾ, ਪਾਣੀ ਅਤੇ ਮਿੱਟੀ ਵਿੱਚ ਦਾਖਲ ਹੋ ਸਕਦੇ ਹਨ। ਰਸਾਇਣ ਦੇ ਛੱਡੇ ਜਾਣ ਦੀ ਮਾਤਰਾ, ਰਸਾਇਣ ਦੀ ਕਿਸਮ ਅਤੇ ਸੰਘਣਾਪਣ, ਅਤੇ ਇਹ ਕਿੱਥੇ ਮਿਲਦਾ ਹੈ, ਦੁਆਰਾ ਉਨ੍ਹਾਂ ਦੇ ਵਾਤਾਵਰਨ ਵਿੱਚ ਪ੍ਰਭਾਵ ਨੂੰ ਨਿਰਧਾਰਤ ਕੀਤਾ ਜਾਂਦਾ ਹੈ। ਕੁਝ ਰਸਾਇਣ ਉਸ ਸੂਰਤ ਵਿੱਚ ਨੁਕਸਾਨਦੇਹ ਹੋ ਸਕਦੇ ਹਨ ਜੇ ਉਨ੍ਹਾਂ ਨੂੰ ਵਾਤਾਵਰਨ ਵਿੱਚ ਛੱਡਿਆ ਜਾਂਦਾ ਹੈ ਭਾਵੇਂ ਕੋਈ ਫੌਰੀ, ਜ਼ਾਹਰਾ ਪ੍ਰਭਾਵ ਨਾ ਵੀ ਹੋਵੇ। ਕੁਝ ਰਸਾਇਣ ਚਿੰਤਾ ਦਾ ਕਾਰਨ ਹੁੰਦੇ ਹਨ ਕਿਉਂਕਿ ਉਹ ਖ਼ੁਰਾਕ ਲੜੀ ਦਾ ਹਿੱਸਾ ਬਣ ਜਾਂਦੇ ਹਨ ਅਤੇ ਕਈ ਸਾਲਾਂ ਲਈ ਵਾਤਾਵਰਨ ਵਿੱਚ ਜਮਾਂ ਹੋ ਜਾਂਦੇ ਹਨ ਅਤੇ/ਜਾਂ ਉਸ ਵਿੱਚ ਬਣੇ ਰਹਿੰਦੇ ਹਨ।

## ਸਾਡੇ ਵਾਤਾਵਰਨ ਨੂੰ ਬਚਾਉਣ ਲਈ ਸਰਕਾਰ ਕੀ ਕਰ ਰਹੀ ਹੈ?

ਕੈਨੇਡਾ ਸਰਕਾਰ ਨੁਕਸਾਨਦੇਹ ਰਸਾਇਣਾਂ ਤੋਂ ਵਾਤਾਵਰਨ ਨੂੰ ਬਚਾਉਣ ਲਈ ਅਹਿਮ ਭੂਮਿਕਾ ਨਿਭਾਉਂਦੀ ਹੈ। ਕੈਨੇਡਾ ਵਿੱਚ ਰਸਾਇਣਾਂ ਦੇ ਉਤਪਾਦਨ, ਆਯਾਤ ਅਤੇ ਇਸਤੇਮਾਲ ਨੂੰ *ਕੈਨੇਡੀਅਨ ਇਨਵਾਇਰਨਮੈਂਟਲ ਪ੍ਰੋਟੈਕਸ਼ਨ ਐਕਟ,* 1999, *ਹਜ਼ਾਰਡਸ ਪ੍ਰੋਡਕਟਸ ਐਕਟ, ਫੂਡ ਐਂਡ ਡਰੱਗ ਐਕਟ,* ਅਤੇ *ਪੈਸਟ ਕੰਟਰੋਲ ਪ੍ਰੋਡਕਟਸ ਐਕਟ* ਸਮੇਤ ਕਈ ਕਨੂੰਨਾਂ ਦੁਆਰਾ ਨਿਯਮਿਤ ਕੀਤਾ ਜਾਂਦਾ ਹੈ।

*ਕੈਨੇਡੀਅਨ ਇਨਵਾਇਰਨਮੈਂਟਲ ਪ੍ਰੋਟੈਕਸ਼ਨ ਐਕਟ,* 1999, ਕਨੂੰਨ ਦਾ ਉਹ ਮੁਢਲਾ ਹਿੱਸਾ ਹੈ ਜਿਸ ਦਾ ਇਸਤੇਮਾਲ ਵਾਤਾਵਰਨ ਨੂੰ ਨੁਕਸਾਨਦੇਹ ਰਸਾਇਣਾਂ ਤੋਂ ਬਚਾਉਣ ਲਈ ਕੀਤਾ ਜਾਂਦਾ ਹੈ। ਫੈਡਰਲ ਪੱਧਰ 'ਤੇ, ਵਾਤਾਵਰਨ ਨੂੰ ਦੂਜੇ ਕਨੂੰਨ ਜਿਵੇਂ ਕਿ *ਫਿਸ਼ਰੀਜ਼ ਐਕਟ* ਜ਼ਰੀਏ ਵੀ ਬਚਾਇਆ ਜਾਂਦਾ ਹੈ ਜਿਸ ਦਾ ਇਸਤੇਮਾਲ ਪਾਣੀ ਅਤੇ ਜਲ ਜੀਵਨ ਨੂੰ ਬਚਾਉਣ ਲਈ ਵੀ ਕੀਤਾ ਜਾ ਸਕਦਾ ਹੈ। ਕੁਲ ਮਿਲਾ ਕੇ ਕੈਨੇਡਾ ਦੀ ਸਰਕਾਰ ਵਾਤਾਵਰਨ ਅਤੇ ਵਾਤਾਵਰਨਿਕ ਸਿਹਤ ਮੁੱਦਿਆਂ ਨੂੰ ਸ਼ਾਮਲ ਕਰਨ ਵਾਲੇ 25 ਵੱਖ-ਵੱਖ ਕਨੂੰਨਾਂ ਲਈ ਜ਼ੁੰਮੇਵਾਰ ਹੈ।

*ਕੈਨੇਡੀਅਨ ਇਨਵਾਇਰਨਮੈਂਟਲ ਪ੍ਰੋਟੈਕਸ਼ਨ ਐਕਟ,* 1999, ਕਨੂੰਨ ਦੇ ਤਹਿਤ ਕੈਨੇਡਾ ਸਰਕਾਰ ਦੇ ਵਿਗਿਆਨੀ, ਮਨੁੱਖੀ ਸਿਹਤ ਅਤੇ ਵਾਤਾਵਰਨ ਨੂੰ ਪੇਸ਼ ਸੰਭਾਵੀ ਜੋਖਮ ਦਾ ਨਿਰਧਾਰਨ ਕਰਨ ਲਈ ਰਸਾਇਣਾਂ ਦਾ ਮੁਲਾਂਕਣ ਕਰਦੇ ਹਨ, ਅਤੇ ਉਨ੍ਹਾਂ ਤਰੀਕਿਆਂ ਦਾ ਵੀ ਜਿਨ੍ਹਾਂ ਵਿੱਚ ਮਨੁੱਖ ਜਾਂ ਵਾਤਾਵਰਨ ਉਨ੍ਹਾਂ ਦੇ ਸੰਪਰਕ ਵਿੱਚ ਆਉਂਦਾ ਹੈ। ਇਨ੍ਹਾਂ ਖੋਜਾਂ 'ਤੇ ਅਧਾਰਤ, ਢੁਕਵੇਂ ਨਿਯੰਤਰਨਾਂ ਅਤੇ ਹੋਰ ਪ੍ਰਬੰਧਕੀ ਸਾਧਨਾਂ ਨੂੰ ਜੋਖਮਾਂ ਨੂੰ ਘਟਾਉਣ ਜਾਂ ਰੋਕਣ ਵਾਸਤੇ ਤੈਅ ਕੀਤਾ ਜਾ ਸਕਦਾ ਹੈ।

ਪ੍ਰਕਾਸ਼ਨ ਦੀ ਮਿਤੀ: ਨਵੰਬਰ 2009

ਸੰਨ 2006 ਵਿੱਚ ਕੈਨੇਡਾ ਸਰਕਾਰ ਨੇ ਕੈਨੇਡਾ ਵਾਸੀਆਂ ਅਤੇ ਉਨ੍ਹਾਂ ਦੇ ਵਾਤਾਵਰਨ ਨੂੰ ਨੁਕਸਾਨਦੇਹ ਰਸਾਇਣਾਂ ਦੇ ਸੰਪਰਕ ਤੋਂ ਬਚਾਉਣ ਲਈ ਆਪਣੀ ਭੂਮਿਕਾ ਦੇ ਹੋਰ ਵਿਸਥਾਰ ਲਈ ਰਸਾਇਣ ਪ੍ਰਬੰਧਨ ਯੋਜਨਾ (CMP) ਦੀ ਸ਼ੁਰੂਆਤ ਕੀਤੀ। ਰਸਾਇਣ ਪ੍ਰਬੰਧਨ ਯੋਜਨਾ ਨੁਕਸਾਨਦੇਹ ਰਸਾਇਣਾਂ ਦੀ ਸ਼ਨਾਖਤ ਕਰਨ ਲਈ ਅਤੇ ਸਰਕਾਰ ਨੂੰ ਪਦਾਰਥਾਂ ਬਾਰੇ ਜਲਦੀ ਕਾਰਵਾਈ ਕਰਨ ਲਈ ਕਈ ਕਨੂੰਨਾਂ (ਜਿਵੇਂ ਕਿ *ਕੈਨੇਡੀਅਨ ਇਨਵਾਇਰਨਮੈਂਟਲ ਪ੍ਰੋਟੈਕਸ਼ਨ ਐਕਟ,* 1999, *ਹਜ਼ਾਰਡਸ ਪ੍ਰੋਡਕਟਸ ਐਕਟ,* ਅਤੇ *ਪੈਸਟ ਕੰਟਰੋਲ ਪ੍ਰੋਡਕਟਸ ਐਕਟ,* ਆਦਿ) ਦਾ ਇਸਤੇਮਾਲ ਕਰਦੀ ਹੈ ਤਾਂ ਜੋ ਉਨ੍ਹਾਂ ਦੇ ਵਾਤਾਵਰਨ ਵਿੱਚ ਦਾਖਲ ਹੋਣ ਅਤੇ ਭਵਿੱਖ ਦੀਆਂ ਪੀੜ੍ਹੀਆਂ ਲਈ ਸਮੱਸਿਆ ਬਣਨ ਤੋਂ ਪਹਿਲਾਂ ਹੀ ਉਨ੍ਹਾਂ ਦਾ ਪ੍ਰਬੰਧਨ ਕਰ ਲਿਆ ਜਾਵੇ। ਰਸਾਇਣ ਪ੍ਰਬੰਧਨ ਯੋਜਨਾ ਪਰਿਆਵਰਨਿਕ ਨਿਰੀਖਣ ਪ੍ਰੋਗਰਾਮ ਜ਼ਰੀਏ ਸੰਵੇਦਨਸ਼ੀਲ ਜਾਤੀਆਂ ਦੇ ਨਿਰੀਖਣ ਨੂੰ ਵੀ ਸ਼ਾਮਲ ਕਰਦੀ ਹੈ ਜੋ ਕਿ ਪਰਿਆਵਰਨ ਵਿੱਚ ਨੁਕਸਾਨਦੇਹ ਪਦਾਰਥਾਂ ਲਈ ''ਪੂਰਵ ਚੇਤਾਵਨੀ'' ਪ੍ਰਣਾਲੀ ਦੇ ਤੌਰ 'ਤੇ ਕੰਮ ਕਰੇਗਾ।

ਕੈਨੇਡਾ ਸਰਕਾਰ ਨੁਕਸਾਨਦੇਹ ਰਸਾਇਣਾਂ ਦੇ ਜੋਖਮਾਂ ਨੂੰ ਘਟਾਉਣ ਵਿੱਚ ਮਦਦ ਲਈ ਪ੍ਰਾਂਤਾਂ ਅਤੇ ਮਿਊਨਸਿਪਲਟੀਆਂ ਨਾਲ ਮਿਲ ਕੇ ਕੰਮ ਕਰਦੀ ਹੈ। ਇਸ ਤੋਂ ਇਲਾਵਾ, ਪ੍ਰਦੂਸ਼ਨ ਸਰਹੱਦਾਂ 'ਤੇ ਨਹੀਂ ਰੁੱਕਦਾ, ਇਸ ਲਈ ਕੈਨੇਡਾ ਸਰਕਾਰ ਰਸਾਇਣਾਂ ਦੇ ਸੁਰੱਖਿਅਤ ਪ੍ਰਬੰਧਨ ਦੇ ਲਈ ਦ੍ਰਿੜ੍ਹ ਅੰਤਰਰਾਸ਼ਟਰੀ ਅਤੇ ਖੇਤਰੀ ਪਹੁੰਚ ਦੀ ਉਸਾਰੀ ਲਈ ਹੋਰਨਾਂ ਦੇਸ਼ਾਂ ਨਾਲ ਕੰਮ ਕਰਦੀ ਹੈ।

## ਵਾਤਾਵਰਨ ਦੀ ਮਦਦ ਲਈ ਮੈਂ ਕੀ ਕਰ ਸਕਦਾ ਹਾਂ?

ਅਜਿਹੀਆਂ ਬਹੁਤ ਸਾਰੀਆਂ ਗੱਲਾਂ ਹਨ ਜੋ ਤੁਸੀਂ ਵਾਤਾਵਰਨ ਦੇ ਬਚਾਓ ਵਿੱਚ ਮਦਦ ਲਈ ਕਰ ਸਕਦੇ ਹੋ। ਉਤਪਾਦ ਲੇਬਲਾਂ 'ਤੇ ਦਿੱਤੀ ਜਾਣਕਾਰੀ ਨੂੰ ਧਿਆਨਪੂਰਵਕ ਪੜ੍ਹੋ ਅਤੇ ਨਿਰਦੇਸ਼ ਅਨੁਸਾਰ ਹੀ ਰਸਾਇਣਾਂ ਦਾ ਇਸਤੇਮਾਲ ਕਰੋ। ਸੂਚਿਤ ਖਪਤਕਾਰ ਉਨ੍ਹਾਂ ਵੱਲੋਂ ਇਸਤੇਮਾਲ ਕੀਤੇ ਜਾਂਦੇ ਉਤਪਾਦਾਂ ਵਿੱਚ ਅਕਸਰ ਕਈ ਨੁਕਸਾਨਦੇਹ ਰਸਾਇਣਾਂ ਦੇ ਸੁਰੱਖਿਅਤ ਬਦਲ ਲੱਭ ਸਕਦੇ ਹਨ ਜੋ ਵਾਤਾਵਰਨ ਲਈ ਬਿਹਤਰ ਹੁੰਦੇ ਹਨ। ਮਿਊਨਸਿਪਲ ਕੂੜਾ ਕਰਕਟ ਅਤੇ ਰੀਸਾਈਕਲਿੰਗ ਪ੍ਰੋਗਰਾਮਾਂ ਨਾਲ ਵੀ ਜਾਣੂ ਹੋਣਾ ਅਹਿਮ ਹੈ ਤਾਂ ਜੋ ਤੁਸੀਂ ਬੈਟਰੀਆਂ ਅਤੇ ਪਲਾਸਟਿਕ ਜਿਹੇ ਉਤਪਾਦਾਂ ਨੂੰ ਢੁਕਵੇਂ ਢੰਗ ਨਾਲ ਨਿਪਟਾ ਸਕੋ। ਥੋੜੀ ਦੂਰੀ ਲਈ ਡਰਾਇਵ ਕਰਨ ਦੀ ਬਜਾਏ ਪੈਦਲ ਤੁਰਨਾ, ਅਤੇ ਗੈਸੋਲੀਨ ਖਪਤ ਨੂੰ ਘਟਾਉਣ ਲਈ ਤੁਹਾਡੀ ਕਾਰ ਦੇ ਪੂਰੀ ਕਾਰਜਕੁਸ਼ਲਤਾ ਨਾਲ ਚਲੱਣ ਨੂੰ ਯਕੀਨੀ ਬਣਾਉਣਾ, ਵਾਤਾਵਰਨ ਨੂੰ ਬਚਾਉਣ ਦੀਆਂ ਹੋਰ ਕਾਰਵਾਈਆਂ ਵਿੱਚ ਸ਼ਾਮਲ ਹਨ।

## ਮੈਂ ਹੋਰ ਜਾਣਕਾਰੀ ਕਿਥੋਂ ਲੈ ਸਕਦਾ ਹਾਂ?

ਰੀਸਾਈਕਲਿੰਗ ਬਾਰੇ ਜਾਣਕਾਰੀ ਅਤੇ ਹੋਰ ਸੁਝਾਅ ਜੋ ਵਾਤਾਵਰਨ 'ਤੇ ਤੁਹਾਡੇ ਪ੍ਰਭਾਵ ਨੂੰ ਘਟਾਉਣ ਵਿੱਚ ਤੁਹਾਡੀ ਮਦਦ ਕਰੇਗੀ, http://www.ec.gc.ca/education/default.asp?lang=En&n=129C994E-1 'ਤੇ ਮਿਲ ਸਕਦੀ ਹੈ।

ਰਸਾਇਣ ਪ੍ਰਬੰਧਨ ਯੋਜਨਾ, ਨਜਿੱਠੇ ਜਾਣ ਵਾਲੇ ਰਸਾਇਣਾਂ ਦੀਆਂ ਸੂਚੀਆਂ ਸਮੇਤ, ਬਾਰੇ ਜਾਣਕਾਰੀ ਲਈ ਅਤੇ ਇਹ ਪਤਾ ਲਗਾਉਣ ਲਈ ਕਿ ਸਰਕਾਰ ਸਿਹਤ ਅਤੇ ਵਾਤਾਵਰਨ ਦੇ ਬਚਾਅ ਲਈ ਕਿਵੇਂ ਕਾਰਵਾਈ ਕਰ ਰਹੀ ਹੈ, ਰਸਾਇਣਿਕ ਪਦਾਰਥਾਂ ਦੀ ਵੈਬਸਾਈਟ http://www.chemicalsubstances.gc.ca 'ਤੇ ਜਾਓ।